ਪੰਜਾਬ ਸਰਕਾਰ

ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ

ਸੇਵਾ ਵਿਖੇ

1. ਪੰਜਾਬ ਰਾਜ ਦੀਆਂ ਸਮੂਹ
ਯੂਨੀਵਰਸਿਟੀਆਂ ਦੇ ਰਜਿਸਟਰਾਰ।

2. ਸਮੂਹ ਪ੍ਰਿੰਸੀਪਲ,
ਸਰਕਾਰੀ ਕਾਲਜ, ਸਰਕਾਰੀ ਏਡਿਡ ਕਾਲਜ
ਅਤੇ ਪ੍ਰਾਈਵੇਟ ਕਾਲਜ ਪੰਜਾਬ ਰਾਜ।

ਮੀਮੋ ਨੰ. 2-9

ਮਿਤੀ: 6/1/22

ਵਿਸ਼ਾ:- **ਪੰਜਾਬ ਰਾਜ ਵਿੱਚ ਉੱਚ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਇੰਟਰਨੈੱਟ/ਆਨਲਾਈਨ ਭੱਤਾ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਪਿਛਲੇ ਦੋ ਸਾਲਾਂ ਤੋਂ ਉਚੇਰੀ ਵਿੱਦਿਅਕ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਕੋਵਿਡ-19 ਕਾਰਨ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਚੇਰੀ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਆਨ-ਲਾਈਨ ਐਜੂਕੇਸ਼ਨ ਦੀ ਸੁਵਿਧਾ ਦੇਣ ਦੇ ਮਕਸਦ ਨਾਲ ਸਰਕਾਰ ਦੁਆਰਾ ਇਹ ਫੈਸਲਾ ਲਿਆ ਗਿਆ ਹੈ ਕਿ ਉਚੇਰੀ ਸਿੱਖਿਆ ਸੰਸਥਾਵਾਂ ਨਾਲ ਸਬੰਧਤ ਅਦਾਰਿਆਂ ਯੂਨੀਵਰਸਿਟੀਆਂ, ਸਰਕਾਰੀ ਕਾਲਜਾਂ, ਪ੍ਰਾਈਵੇਟ ਏਡਿਡ ਕਾਲਜਾਂ, ਪ੍ਰਾਈਵੇਟ ਕਾਲਜਾਂ ਅਤੇ ਕੰਨਸੀਚੁਏਂਟ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦੋ ਹਜਾਰ ਰੁਪਏ ਇੰਟਰਨੈੱਟ ਭੱਤਾ ਦਿੱਤਾ ਜਾਣਾ ਹੈ।

3.0 ਸਰਕਾਰ ਦੁਆਰਾ ਲਏ ਫੈਸਲੇ ਨੂੰ ਲਾਗੂ ਕਰਨ ਲਈ ਉਕਤ ਸਿੱਖਿਆ ਸੰਸਥਾਵਾਂ ਵਿੱਚ ਪੜ੍ਹਨ ਵਾਲੇ ਸਾਰੇ ਵਿਦਿਆਰਥੀਆਂ ਤੋਂ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਅਰਜ਼ੀਆਂ ਲਈਆਂ ਜਾਣ। ਵਿਦਿਆਰਥੀ ਦੁਆਰਾ ਆਪਣੀ ਅਰਜ਼ੀ ਦੇਣ ਉਪਰੰਤ ਸਬੰਧਤ ਕਾਲਜਾਂ ਦੇ ਪ੍ਰਿੰਸੀਪਲ (ਸਰਕਾਰੀ ਕਾਲਜਾਂ ਤੇ ਏਡਿਡ ਪ੍ਰਾਈਵੇਟ ਕਾਲਜਾਂ ਦੇ ਕੇਸ ਵਿੱਚ) ਅਤੇ ਸਬੰਧਤ ਯੂਨੀਵਰਸਿਟੀ ਦੇ ਰਜਿਸਟਰਾਰ (ਯੂਨੀਵਰਸਿਟੀ ਵਿਦਿਆਰਥੀਆਂ, ਕੰਨਸੀਚੁਏਂਟ ਕਾਲਜਾਂ ਤੇ ਪ੍ਰਾਈਵੇਟ ਕਾਲਜਾਂ ਦੇ ਵਿਦਿਆਰਥੀਆਂ ਦੇ ਕੇਸ ਵਿੱਚ) ਦੁਆਰਾ ਅਰਜ਼ੀ ਦੇ ਸਹੀ ਹੋਣ ਬਾਰੇ ਤਸਦੀਕ ਕੀਤਾ ਜਾਵੇਗਾ।

4.0 ਸਬੰਧਤ ਸੰਸਥਾ ਦੁਆਰਾ ਇਨ੍ਹਾਂ ਵਿਦਿਆਰਥੀਆਂ ਦੀ ਇੱਕ ਸੂਚੀ ਇਸ ਪੱਤਰ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਉਚੇਰੀ ਸਿੱਖਿਆ ਵਿਭਾਗ (ਡਾ. ਅਸ਼ਵਨੀ ਭੱਲਾ, ਸਹਾਇਕ ਡਾਇਰੈਕਟਰ, ਕਾਲਜ ਐਜੂਕੇਸਨ, ਸੰਪਰਕ ਨੰ. 9478020043) ਨੂੰ ਭੇਜਿਆ ਜਾਵੇ।

5.0 ਸਬੰਧਤ ਸੰਸਥਾਵਾਂ ਦੁਆਰਾ ਯੋਗ ਵਿਦਿਆਰਥੀਆਂ ਦੀ ਸੂਚੀ ਪ੍ਰਾਪਤ ਹੋਣ ਉਪਰੰਤ ਉਚੇਰੀ ਸਿੱਖਿਆ ਵਿਭਾਗ ਦੇ ਡੀ.ਡੀ.ਓ. ਦੁਆਰਾ ਸਾਂਝੇ ਤੌਰ ਤੇ ਬਿੱਲ ਖਜ਼ਾਨੇ ਵਿੱਚ ਭੇਜਿਆ ਜਾਵੇਗਾ। ਇਸ ਉਪਰੰਤ ਇਨ੍ਹਾਂ ਵਿਦਿਆਰਥੀਆਂ ਦੁਆਰਾ ਦਿੱਤੇ ਬੈਂਕ ਖਾਤਿਆਂ ਵਿੱਚ ਸਰਕਾਰ ਦੁਆਰਾ ਲਏ ਫੈਸਲੇ ਅਨੁਸਾਰ ਇਹ ਰਕਮ ਟ੍ਰਾਂਸਫਰ ਕਰ ਦਿੱਤੀ ਜਾਵੇਗੀ।

6.0 ਇਹ ਸਕੀਮ ਸਿਰਫ ਪੰਜਾਬ ਰਾਜ ਦੇ ਵਸਨੀਕ ਵਿਦਿਆਰਥੀਆਂ ਲਈ ਹੀ ਹੈ। ਸੰਸਥਾ ਦੇ ਮੁਖੀ ਦੁਆਰਾ ਤਸਦੀਕ ਕਰਨ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਇਹ ਸੁਨਿਸ਼ਚਿਤ ਕਰ ਲਿਆ ਜਾਵੇ ਕਿ ਵਿਦਿਆਰਥੀ ਦੁਆਰਾ ਦਿੱਤੀ ਗਈ ਜਾਣਕਾਰੀ ਬਿਲਕੁਲ ਸਹੀ ਹੈ।

7.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਸੁਵਿਧਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੀ ਉਮਰ ਮਿਤੀ 01.01.2022 ਨੂੰ 18 ਸਾਲ ਤੋਂ ਘੱਟ ਨਾ ਹੋਵੇ।

ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ

ਨੱਥੀ: ਉਕਤ ਅਨੁਸਾਰ।

Annexure A

Application Form for Internet Allowance

1. Name of Student

2. Father's Name:

3. Mother's Name:

4. Class:

5. Course:

6. Date of Birth of student

7. Mobile Number of Student

8. Email Address of student:

9. Mobile Number of Parent:

10. Address of the student: Gali/street No..... Village/town....., Tehsil....., District.....State.....

11. (A) Is student resident of Punjab (YES/NO)

(B) If yes proof of residence (attach copy of Proof)

(C) Adhaar Card No.:

11. Name of college*:

12. Tehsil in which college is situated:

13. District in which college is situated

14. Bank Details of Student:

a. Name of Bank:

b. Account Number:

c. IFS Code:

Declaration by Student:

I, ..., S/D/o..... Studying in.....College*, ..., District.....hereby do undertake that the information as provided above is true and correct and that I am eligible for the Internet allowance. I shall be responsible for all legal and financial consequences, in case information given above is found to be incorrect.

Signatures of Student

Date:

Certificate by Principal**

I have verified and satisfied myself that all the facts as given above by the student are correct as per the record. I also certify that the student is regular student of my institution.

Date:

Signatures of Principal

Name of Principal

Mobile No:

Email:

Note:

In case the student is studying in University Campus, then the name of University to be mentioned.

In case of students of University Campus, the certificate is to be signed by Dean (Academic)

IMG-20220506-WA0004.jpg

16/22, 4:12 PM

ANNEXURE B

S No	Name of the Institute	Name of the student	Father's name	Class	Roll No	Mobile No	Bank A/c No	IFSC Code	Bank/ Branch Name	Aadhar No